ਗੁਰਕੀਰਤ ਸਿੰਘ ਰਾਈਫ਼ਲ ਸ਼ੂਟਿੰਗ 'ਚ ਰਿਹਾ ਅੱਵਲ

ਜਗਰਾਉਂ • ਰਣਜੀਤ

ਬੀਤੇ ਦਿਨੀਂ ਬਲੌਜ਼ਮਜ਼ ਕਾਨਵੈਂਟ ਸਕੂਲ ਦੇ ਵਿਦਿਆਰਥੀਆਂ ਵੱਲੋਂ ਸਿਟੀ

ਯੂਨੀਵਰਸਿਟੀ ਵਿਖੇ ਐਨ.ਸੀ.ਸੀ ਦੇ ਦਸ ਦਿਨਾਂ ਕੈਂਪ ਦੌਰਾਨ ਬਹੁਤ ਸਾਰੀਆਂ ਗਤੀਵਿਧੀਆਂ ਵਿੱਚ ਭਾਗ ਲਿਆ। ਜਿਸ ਤਹਿਤ ਪੱਚੀ ਮੀਟਰ ਰਾਈਫ਼ਲ ਸ਼ੂਟਿੰਗ ਵਿੱਚ ਦੋ ਸੌ ਬੱਚਿਆਂ ਨੂੰ ਪਛਾੜਦੇ ਗੁਰਕੀਰਤ ਸਿੰਘ ਭੁੱਲਰ ਨੇ ਆਪਣੇ ਪੱਕੇ ਨਿਸ਼ਾਨੇ ਦੀ ਕਲਾ ਦਿਖਾਉਂਦੇ ਹੋਏ ਪਹਿਲਾ ਸਥਾਨ ਪ੍ਰਾਪਤ ਕੀਤਾ। ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਡਾ. ਨਵਨੀਤ ਕੌਰ ਨੇ ਏ. ਐਨ. ਓ ਮਿ. ਅਮਨਦੀਪ ਸਿੰਘ ਉਸ ਦੇ ਮਾਪਿਆਂ ਅਤੇ ਬੱਚੇ ਨੂੰ ਵਧਾਈ ਦਿੰਦੇ ਹੋਏ ਕਿਹਾ ਕਿ ਅਜਿਹੇ ਪਲੇਟਫਾਰਮ ਹੀ ਸਾਨੂੰ ਅੱਗੇ ਵਧਣ ਦੇ ਮੌਕੇ ਦਿੰਦੇ ਹਨ। ਇਹ ਬੱਚਾ ਬਾਕੀ ਵਿਦਿਆਰਥੀਆਂ ਲਈ ਪ੍ਰੇਰਨਾ ਸ੍ਰੋਤ ਹੈ। ਇਸਨੂੰ ਦੇਖ ਕੇ ਬਾਕੀ ਵਿਦਿਆਰਥੀਆਂ ਵਿੱਚ ਉਤਸ਼ਾਹ ਪੈਦਾ ਹੋਵੇਗਾ। ਉਹ ਵੀ ਇਸ ਤਰ੍ਹਾਂ ਦੀਆਂ ਉਚਾਈਆਂ ਹਾਸਿਲ ਕਰਨ ਲਈ ਤੱਤਪਰ ਹੋਣਗੇ। ਇਸ ਮੌਕੇ ਸਕੂਲ ਦੇ ਪ੍ਰਧਾਨ ਮਨਪ੍ਰੀਤ ਸਿੰਘ ਬਰਾੜ ਨੇ ਵੀ ਬੱਚੇ ਨੂੰ ਵਧਾਈ ਦਿੱਤੀ।

ਬਿਜਲੀ ਮੁਲਾਜ਼ਮਾਂ ਤੇ ਪੈਨਸ਼ਨਰਾਂ ਵੱਲੋਂ ਸੰਯੁਕਤ ਕਿਸਾਨ ਮੋਰਚੇ ਦੇ ਧਰਨੇ ਨੂੰ ਪੂਰਨ ਸਮਰਥਨ

ਰਾਜਾਸਾਂਸੀ • ਲਖਵਿੰਦਰ ਸਿੰਘ

ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ ਅਤੇ ਪੰਜਾਬ ਸਟੇਟ ਟਰਾਂਸਮਿਸ਼ਨ ਕਾਰਪੋਰੇਸ਼ਨ ਲਿਮਟਿਡ ਦੇ ਮੁਲਾਜ਼ਮਾਂ ਤੇ ਪੈਨਸ਼ਨਰਾਂ ਵੱਲੋਂ ਮਜੀਠਾ ਦਫ਼ਤਰ ਕੰਪਲੈਕਸ ਵਿਖੇ ਵਿਸ਼ਾਲ ਇਕੱਤਰਤਾ ਕਰਕੇ ਚੰਡੀਗੜ੍ਹ ਵਿਖੇ ਸੰਯੁਕਤ ਕਿਸਾਨ ਮੋਰਚੇ ਵੱਲੋਂ ਕਿਸਾਨੀ ਅੰਦੋਲਨ ਦੀ ਪੰਜਵੀਂ ਵਰ੍ਹੇਗੰਢ ਮੌਕੇ ਦਿੱਤੇ ਜਾ ਰਹੇ ਧਰਨੇ ਨੂੰ ਪੂਰਨ ਸਮਰਥਨ ਦਾ ਐਲਾਨ ਕੀਤਾ। ਟੈਕਨੀਕਲ ਸਰਵਿਸਿਜ਼ ਯੂਨੀਅਨ ਮੰਡਲ ਪ੍ਰਧਾਨ ਰਘਬੀਰ ਸਿੰਘ ਮਜੀਠੀਆ ਤੇ ਪੈਨਸ਼ਨਰਜ਼ ਐਸੋਸੀਏਸ਼ਨ ਮੰਡਲ ਪ੍ਰਧਾਨ ਮਹਿੰਦਰ ਸਿੰਘ ਖਹਿਰਾ ਦੀ ਸਾਂਝੀ ਪ੍ਰਧਾਨਗੀ ਹੇਠ ਹੋਈ ਇਸ ਇਕੱਤਰਤਾ ਵਿੱਚ ਸੈਂਕੜੇ ਮੁਲਾਜ਼ਮਾਂ ਤੇ ਪੈਨਸ਼ਨਰਾਂ ਨੇ ਭਰਵੀਂ ਸ਼ਮੂਲੀਅਤ ਕੀਤੀ। ਸ਼ੁਰੂ ਵਿੱਚ ਕਿਸਾਨੀ ਅੰਦੋਲਨ ਦੌਰਾਨ ਸ਼ਹੀਦ ਹੋਏ 750 ਤੋਂ ਵੱਧ ਕਿਸਾਨਾਂ ਨੂੰ ਦੋ ਮਿੰਟ ਦਾ ਮੌਨ ਧਾਰ ਕੇ ਸ਼ਰਧਾਂਜਲੀ ਭੇਂਟ ਕੀਤੀ ਗਈ। ਇਕੱਤਰਤਾ ਨੂੰ ਸੰਬੋਧਨ ਕਰਦਿਆਂ ਬੁਲਾਰਿਆਂ ਨੇ ਕਿਹਾ ਕਿ ਕੇਂਦਰ ਤੇ ਪੰਜਾਬ ਸਰਕਾਰ ਵੱਲੋਂ ਅਡਾਨੀ-

ਅੰਬਾਨੀ ਵਰਗੇ ਕਾਰਪੋਰੇਟ ਘਰਾਣਿਆਂ ਨੂੰ ਲਾਭ ਪਹੁੰਚਾਉਣ ਲਈ ਲਿਆਂਦੀਆਂ ਜਾ ਰਹੀਆਂ ਲੋਕ ਮਾਰੂ, ਮੁਲਾਜ਼ਮ ਵਿਰੋਧੀ, ਉਦਾਰੀਕਰਨ ਤੇ ਨਿਜੀਕਰਨ ਦੀਆਂ ਨੀਤੀਆਂ ਵਿਰੁੱਧ ਪੂਰੇ ਪੰਜਾਬ ਵਿੱਚ ਰੋਸ ਪ੍ਰਦਰਸ਼ਨ ਕੀਤੇ ਜਾ ਰਹੇ ਹਨ। ਖਾਸ ਤੌਰ 'ਤੇ ਬਿਜਲੀ ਸੋਧ ਬਿੱਲ 2025 ਰਾਹੀਂ ਬਿਜਲੀ ਵਿਭਾਗ ਦੇ ਪੂਰਨ ਨਿੱਜੀਕਰਨ ਦੀ ਸਾਜ਼ਿਸ਼, ਸਮਾਰਟ ਮੀਟਰਾਂ ਰਾਹੀਂ ਮਹਿੰਗੀ ਬਿਜਲੀ ਤੇ ਰੁਜ਼ਗਾਰਾਂ ਦੇ ਖਾਤਮੇ, ਪੁਰਾਣੇ 40 ਮਜ਼ਦੂਰ ਕਾਨੂੰਨਾਂ ਨੂੰ ਖਤਮ ਕਰਕੇ 4 ਨਵੇਂ ਕਾਨੂੰਨ ਲਿਆਉਣਾ, ਪੰਜਾਬ ਯੂਨੀਵਰਸਿਟੀ ਦੇ ਸੈਨੇਟ-ਸਿੰਡੀਕੇਟ ਭੰਗ ਕਰਨਾ, ਭਾਖੜਾ ਬਿਆਸ ਮੈਨੇਜਮੈਨਟ ਬੋਰਡ ਵਿੱਚ 60:40 ਅਨੁਪਾਤ ਖਤਮ ਕਰਨਾ, ਚੰਡੀਗੜ੍ਹ ਦਾ ਕੇਂਦਰੀਕਰਨ, ਲੈਂਡ ਪੂਲਿੰਗ ਪਾਲਿਸੀ ਰਾਹੀਂ ਕਿਸਾਨਾਂ ਦੀ ਜ਼ਮੀਨ ਖੋਹਣ ਤੇ ਸਰਕਾਰੀ ਜਾਇਦਾਦਾਂ ਦੀ ਵਿਕਰੀ ਵਰਗੀਆਂ ਨੀਤੀਆਂ ਦਾ ਸਖ਼ਤ ਵਿਰੋਧ ਕੀਤਾ ਗਿਆ। ਬੁਲਾਰਿਆਂ ਨੇ ਚਿਤਾਵਨੀ ਦਿੱਤੀ ਕਿ ਜੇਕਰ ਇਹ ਲੋਕ ਵਿਰੋਧੀ ਨੀਤੀਆਂ ਵਾਪਸ ਨਾ ਲਈਆਂ ਗਈਆਂ ਤਾਂ ਸੰਘਰਸ਼ ਨੂੰ ਹੋਰ ਤਿੱਖਾ ਕੀਤਾ ਜਾਵੇਗਾ ਅਤੇ ਇਸ ਦੀ ਸਾਰੀ ਜ਼ਿੰਮੇਵਾਰੀ ਕੇਂਦਰ ਤੇ ਸੂਬਾ ਸਰਕਾਰਾਂ ਦੀ ਹੋਵੇਗੀ। ਇਸ ਮੌਕੇ ਰਾਮ ਲੁਭਾਇਆ ਮਜੀਠਾ, ਜਗੀਰ ਸਿੰਘ ਸੋਹੀ, ਰਵੇਲ ਸਿੰਘ ਗੋਸਲ, ਗੁਰਮੇਜ ਸਿੰਘ ਸੋਹੀ, ਦਲਵਿੰਦਰ ਸਿੰਘ, ਬਲਵਿੰਦਰ ਸਿੰਘ, ਕ੍ਰਿਸ਼ਨ ਸਿੰਘ, ਸੁਖਪਾਲ ਸਿੰਘ ਮਜੀਠੀਆ, ਕੁੰਦਨ ਲਾਲ, ਗੁਰਪ੍ਰੀਤ ਸਿੰਘ ਸੋਹੀ ਤੇ ਸੰਦੀਪ ਕੁਮਾਰ ਆਦਿ ਹਾਜ਼ਰ ਸਨ।

ਕਿਰਤੀ ਕਿਸਾਨ ਯੂਨੀਅਨ ਦਾ ਕਾਫਲਾ ਚੰਡੀਗੜ੍ਹ ਲਈ ਰਵਾਨਾ

ਬੰਗਾ • ਰਾਜ ਮਜਾਰੀ

ਅੱਜ ਕਿਰਤੀ ਕਿਸਾਨ ਯੂਨੀਅਨ ਦਾ ਕਾਫ਼ਲਾ ਜਿਲਾ ਪ੍ਰਧਾਨ ਸੁਰਿੰਦਰ ਸਿੰਘ ਬੈਂਸ ਦੀ ਅਗਵਾਈ ਹੇਠ ਚੰਡੀਗੜ੍ਹ ਰੈਲੀ ਵਿੱਚ ਸ਼ਾਮਲ ਹੋਣ ਲਈ ਨਵਾਂਸ਼ਹਿਰ ਤੋਂ ਰਵਾਨਾ ਹੋਇਆ। ਇਸ ਮੌਕੇ ਜਾਂਣਕਾਰੀ ਦਿੰਦਿਆਂ ਸੁਰਿੰਦਰ ਸਿੰਘ ਬੈਂਸ ਨੇ ਦੱਸਿਆ ਕਿ ਅੱਜ ਸੰਯੁਕਤ ਕਿਸਾਨ ਮੋਰਚਾ ਵੱਲੋਂ ਚੰਡੀਗੜ੍ਹ ਵਿੱਚ ਤਿੰਨ ਖੇਤੀ ਕਾਨੂੰਨਾਂ ਵਿਰੁੱਧ ਜਿੱਤੇ ਕਿਸਾਨੀ ਘੋਲ ਦੀ ਵਰ੍ਹੇਗੰਢ ਤੇ ਰੈਲੀ ਕੀਤੀ ਜਾ ਰਹੀ। ਜਿਸ ਵਿੱਚ ਬਿਜਲੀ ਬਿੱਲ 2020 ਰੱਦ ਕਰਾਉਣ, ਐਮ ਐਸ ਪੀ ਦੀ ਗਾਰੰਟੀ ਦਾ ਕਾਨੂਨ ਬਣਾਉਣ, ਹਰ ਘਰ ਹਰ ਖੇਤ ਨੂੰ ਨਹਿਰੀ ਪਾਣੀ, ਮਜ਼ਦੂਰਾਂ ਵਿਰੋਧੀ ਚਾਰ ਲੇਬਰ ਕੋਡ ਰੱਦ ਕਰਾਉਣ, ਸਜ਼ਾਵਾਂ ਪੂਰੀਆਂ ਕਰ ਚੁੱਕੇ ਬੰਦੀ ਸਿੰਘਾਂ ਤੇ ਸਿਆਸੀ ਕੈਦੀਆਂ ਦੀ ਰਿਹਾਈ, ਦਿੱਲੀ ਮੋਰਚੇ ਦੀਆਂ ਮੰਨੀਆਂ ਮੰਗਾਂ ਲਾਗੂ ਕਰਨ, ਪੰਜਾਬ ਯੂਨੀਵਰਸਿਟੀ ਘੋਲ ਦੀ ਹਮਾਇਤ, ਭਾਖੜਾ ਬੀਬੀਐਮਬੀ ਦਾ ਪ੍ਰਬੰਧ ਪੰਜਾਬ ਨੂੰ ਦੇਣ ਦੇ ਮੁੱਦੇ ਉਭਾਰੇ ਜਾਣਗੇ।

ਐੱਚ.ਆਰ.ਏ. ਲੋਟਸ ਸਕੂਲ ਦਾ ਸਾਲਾਨਾ ਸਮਾਗਮ ਧੂਮਧਾਮ ਨਾਲ ਮਨਾਇਆ

ਗੁਰਦਾਸਪੁਰ • ਕੇ ਪੀ ਸਿੰਘ

ਐੱਚ.ਆਰ.ਏ. ਲੋਟਸ ਸਕੂਲ ਦਾ ਸਾਲਾਨਾ ਸਮਾਗਮ ਚੇਅਰਮੈਨ ਹੀਰਾ ਮਨੀ ਅਗਰਵਾਲ ਦੀ ਅਗਵਾਈ ਹੇਠ ਬਹੁਤ ਧੂਮਧਾਮ ਅਤੇ ਉਤਸ਼ਾਹ ਨਾਲ ਮਨਾਇਆ ਗਿਆ। ਮੁੱਖ ਮਹਿਮਾਨ ਵਜੋਂ ਆਪ ਨੇਤਾ ਰਮਨ ਬਹਿਲ ਸ਼ਾਮਲ ਹੋਏ। ਸਮਾਗਮ ਸਭਿਆਚਾਰਕ ਪੇਸ਼ਕਾਰੀ, ਸਰਸਵਤੀ ਅਤੇ ਗਣੇਸ਼ ਵੰਦਨਾ ਨਾਲ ਸ਼ੁਰੂ ਹੋਈਆਂ । ਇਸ ਤੋਂ ਬਾਅਦ ਵਿਦਿਆਰਥੀਆਂ ਨੇ ਵੱਖ-ਵੱਖ ਤਰ੍ਹਾਂ ਦੇ ਨਾਚ, ਸ਼ਿਵਾਜੀ ਛਤਰਪਤੀ ਨਾਟਕ, ਅੰਗਰੇਜ਼ੀ ਨਾਟਕ, ਦੇਸ਼ ਭਗਤੀ ਪੇਸ਼ਕਾਰੀ ਤੋਂ ਇਲਾਵਾ ਭੰਗੜਾ ਅਤੇ ਗਿੱਧੇ ਵਿੱਚ ਆਪਣੀ ਪ੍ਰਤਿਭਾ ਦਾ ਪ੍ਰਦਰਸ਼ਨ ਕੀਤਾ। ਆਪਣੇ ਸੰਬੋਧਨ ਵਿੱਚ ਮੁੱਖ ਮਹਿਮਾਨ ਰਮਨ ਬਹਿਲ ਨੇ ਸਖ਼ਤ ਮਿਹਨਤ, ਅਨੁਸ਼ਾਸਨ ਅਤੇ ਆਪਣੇ ਸੁਪਨਿਆਂ ਨੂੰ ਪ੍ਰਾਪਤ ਕਰਨ ਦੀ ਮਹੱਤਤਾ 'ਤੇ ਜ਼ੋਰ ਦਿੱਤਾ। ਪ੍ਰੋਗਰਾਮ ਇਨਾਮ ਵੰਡ ਸਮਾਰੋਹ ਨਾਲ ਸਮਾਪਤ ਹੋਇਆ। ਸ਼ਾਨਦਾਰ ਪ੍ਰਾਪਤੀਆਂ ਕਰਨ ਵਾਲੇ ਵਿਦਿਆਰਥੀਆਂ ਦਾ ਸਨਮਾਨ ਕੀਤਾ ਗਿਆ । ਇਸ ਮੌਕੇ ਪ੍ਰਬੰਧਕ ਕਮੇਟੀ ਦੇ ਚੇਅਰਮੈਨ ਕ੍ਰਿਸ਼ਨ ਮੂਰਤੀ, ਡਾਇਰੈਕਟਰ ਵਾਟਿਕਾ ਗੁਪਤਾ, ਪ੍ਰਿੰਸੀਪਲ ਡਾ. ਰਜਨੀ ਅਤੇ ਪ੍ਰਬੰਧਨ ਕਮੇਟੀ ਦੇ ਹੋਰ ਮੈਂਬਰ ਵੀ ਮੌਜੂਦ ਸਨ ।

ਬੁਲਟ ਮੋਟਰਸਾਈਕਲਾਂ ਦੇ ਪਟਾਕੇ ਪਾਉਣ ਵਾਲਿਆਂ ਦੇ ਕੱਟੇ ਚਲਾਨ

ਘੱਗਾ • ਸੱਤਪਾਲ ਕਲਵਾਨੂੰ

ਟਰੈਫਿਕ ਇੰਚਾਰਜ ਥਾਣੇਦਾਰ ਦਰਸ਼ਨ ਰਾਮ ਨੇ ਡੀਐਸਪੀ ਇੰਦਰਪਾਲ ਸਿੰਘ ਚੌਹਾਨ ਦੇ ਦਿਸਾ-ਨਿਰਦੇਸ਼ਾਂ ਅਨੁਸਾਰ ਅੱਜ ਭਗਤ ਸਿੰਘ ਚੌਕ ਪਾਤੜਾਂ ਵਿਖੇ ਟਰੈਫਿਕ ਨਿਯਮਾਂ ਦੀ ਉਲੰਘਣਾ ਕਰਨ ਵਾਲਿਆਂ ਖ਼ਿਲਾਫ਼ ਚਲਾਣ ਮੁਹਿੰਮ ਚਲਾਈ। ਇਸ ਦੌਰਾਨ ਬੁਲਟ ਮੋਟਰਸਾਈਕਲਾਂ ਨਾਲ ਪਟਾਕੇ ਪਾਉਣ ਵਾਲਿਆਂ ਦੇ ਚਲਾਨ ਕੱਟੇ ਗਏ ਅਤੇ ਉਨ੍ਹਾਂ ਨੂੰ ਸਖ਼ਤ ਚੇਤਾਵਨੀ ਦਿੱਤੀ ਗਈ ਕਿ ਭਵਿੱਖ ਵਿੱਚ ਇਸ ਤਰ੍ਹਾਂ ਦੀ ਗਤਿਵਿਧੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਏ ਐਸ ਆਈ ਸ਼ਮਸ਼ੇਰ ਸਿੰਘ ਨੇ ਮਾਪਿਆਂ ਨੂੰ ਅਪੀਲ ਕੀਤੀ ਕਿ 18 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਕਦੇ ਵੀ ਡਰਾਈਵਿੰਗ ਨਾ ਕਰਨ ਦਿਓ। ਉਨ੍ਹਾਂ ਨੇ ਕਿਹਾ

ਕਿ ਇਹ ਨਾ ਸਿਰਫ਼ ਕਾਨੂੰਨ ਦੀ ਉਲੰਘਣਾ ਹੈ, ਸਗੋਂ ਬੱਚਿਆਂ ਦੀ ਜਾਨ ਨੂੰ ਖਤਰਾ ਹੈ। ਮਾਪਿਆਂ ਨੂੰ ਉਨ੍ਹਾਂ ਬੱਚਿਆਂ ਨੂੰ ਸਮਝਾਉਣ ਦੀ ਜ਼ਰੂਰਤ ਹੈ ਤਾਂ ਜੋ ਭਵਿੱਖ ਵਿੱਚ ਕਿਸੇ ਵੀ ਜਾਨੀ ਜਾਂ ਮਾਲੀ ਨੁਕਸਾਨ ਤੋਂ ਬਚਿਆ ਜਾ ਸਕੇ। ਟਰੈਫਿਕ ਇੰਚਾਰਜ ਦਰਸ਼ਨ ਰਾਮ ਪਾਤੜਾਂ ਨੇ ਆਮ ਲੋਕਾਂ ਨੂੰ ਅਪੀਲ ਕੀਤੀ ਕਿ ਹਾਈਵੇ ਉਤੇ ਗੱਡੀਆਂ ਖੜੀਆਂ ਨਾ ਕੀਤੀਆਂ ਜਾਣ, ਕਿਉਂਕਿ ਇਹ ਨਾ ਸਿਰਫ ਟਰੈਫਿਕ ਵਿੱਚ ਰੁਕਾਵਟ ਪੈਦਾ ਕਰਦੀ ਹੈ, ਸਗੋਂ ਦੁਰਘਟਨਾਵਾਂ ਦਾ ਕਾਰਨ ਵੀ ਬਣ ਸਕਦੀ ਹੈ। ਟਰੈਫਿਕ ਵਿਭਾਗ ਵੱਲੋਂ ਅੱਗੇ ਵੀ ਇਸ ਤਰ੍ਹਾਂ ਦੀਆਂ ਮੁਹਿੰਮਾਂ ਜਾਰੀ ਰਹਿਣਗੀਆਂ। ਇਸ ਮੌਕੇ ਉਹਨਾਂ ਦੇ ਨਾਲ ਏਐਸਆਈ ਸੁਖਪਾਲ ਸਿੰਘ ਏਐਸਆਈ ਦਰਸ਼ਨ ਸਿੰਘ ਅਤੇ ਮੌਜੂਦ ਸਨ।

ਉਜੀਵਨ ਸਮਾਲ ਫਾਈਨੈਂਸ ਬੈਂਕ ਲਿਮਟਿਡ

ਰਜਿ : ਦਫ਼ਤਰ: ਗਰੇਪ ਗਾਰਡਨ ਨੰਬਰ 27, ਤੀਸਰੀ ਏ ਕਰਾਸ, 18ਵੀਂ ਮੇਨ, ਛੇਵਾਂ ਬਲਾਕ, ਕੋਰਾਮੰਗਲਮ, ਬੈਂਗਲੁਰੂ 560095,
ਰੀਜ਼ਨਲ ਦਫ਼ਤਰ : ਜੀਐੱਮਟੀਟੀ ਬਿਲਡਿੰਗ, ਪਲਾਟ ਨੰ. ਡੀ-7, ਸੈਕਟਰ 3, ਨੋਇਡਾ (ਉੱਤਰ ਪ੍ਰਦੇਸ਼) 201301
ਬਰਾਂਚ ਦਫਤਰ : ਸ਼ਾਪ ਨੰ. 49, ਜੇ.ਕੇ. ਟਾਵਰ, ਮਾਲ ਰੋਡ, ਅੰਮ੍ਰਿਤਸਰ, ਪੰਜਾਬ-143001

ਜਨਤਕ ਨਿਲਾਮੀ ਨੋਟਿਸ

ਸਕਿਓਰਟਾਈਜੇਸ਼ਨ ਐਂਡ ਰੀਕੰਸਟਰਕਸ਼ਨ ਆਫ ਫਾਇਨੈਂਸ਼ੀਅਲ ਐਸਟਸ ਐਂਡ ਇਨਫੋਰਸਮੈਂਟ ਆਫ ਸਕਿਊਰਟੀ ਇੰਟਰਸਟ ਐਕਟ (ਸਰਫੇਸੀ ਐਕਟ) 2002 ਜਿਸ ਨੂੰ ਰੂਲ 8(6) ਅਤੇ 9 ਆਫ ਸਕਿਊਰਟੀ ਇੰਟਰਸਟ (ਇਨਫੋਰਸਮੈਂਟ) ਰੂਲਜ਼ 2002 ਨਾਲ ਪੜ੍ਹਿਆ ਜਾਵੇ ਤਹਿਤ ਵਿਕਰੀ ਲਈ ਜਨਤਕ ਨੋਟਿਸ ਨਿਮਨਹਸਤਾਖਰੀ ਨੇ ਉਜੀਵਨ ਸਮਾਲ ਫਾਈਨੈਂਸ ਬੈਂਕ ਦਾ ਅਧਿਕਾਰਤ ਅਫਸਰ ਹੁੰਦਿਆਂ ਆਪਣੀਆਂ ਤਾਕਤਾਂ ਦੀ ਸਰਫੇਸੀ ਐਕਟ ਦੇ ਸੈਕਸ਼ਨ 13(4) ਤਹਿਤ ਹੇਠ ਲਿਖੀਆਂ ਜਾਇਦਾਦਾਂ ਦਾ ਕਬਜ਼ਾ ਲਿਆ ਸੀ । ਹੁਣ ਕਰਜ਼ਦਾਰਾਂ ਤੇ ਖਾਸ ਕਰਕੇ ਜਨਤਾ ਨੂੰ ਇਸ ਪਬਲੀਕੇਸ਼ਨ ਰਾਹੀਂ ਗਹਿਣੇ ਪਈ ਜਾਇਦਾਦ ਨੂੰ ਬੈਂਕ ਵੱਲੋਂ ਆਪਣਾ ਖੜ੍ਹਾ ਬਕਾਇਆ ਵਸੂਲਣ ਲਈ ਜਿੱਥੇ ਹੈ ਜਿਵੇਂ ਹੈ ਅਤੇ ਜਿੱਥੇ ਹੈ ਜੋ ਵੀ ਹੈ ਦੇ ਆਧਾਰ 'ਤੇ ਹੇਠ ਲਿਖੇ ਅਨੁਸਾਰ ਜਨਤਕ ਨਿਲਾਮੀ ਰਾਹੀਂ ਵੇਚਿਆ ਜਾਣਾ ਹੈ।

ਲ. ਨੰ.	ਕਰਜ਼ਾ ਖਾਤਾ ਨੰਬਰ	ਕਰਜ਼ਦਾਰ /ਸਹਿ-ਕਰਜ਼ਦਾਰ/ ਗਰੰਟਰ ਦਾ ਨਾਮ	13(2) ਤਹਿਤ ਨੋਟਿਸ ਦੀ ਮਿਤੀ ਅਤੇ ਡਿਮਾਂਡ ਰਕਮ	ਸੈਕੇਤਕ/ ਫਿਜੀਕਲ ਕਬਜੇ ਦੀ ਮਿਤੀ	ਮੌਜੂਦਾ ਖੜ੍ਹੀ ਰਕਮ	ਜਾਇਦਾਦ ਪੜਤਾਲ ਦੀ ਮਿਤੀ ਅਤੇ ਸਮਾਂ	ਰਾਖਵੀਂ ਕੀਮਤ ਭਾਰਤੀ ਰੁਪੈ.	ਰਕਮ ਬਿਆਨਾ ਜਮ੍ਹਾਂ ਜੋ ਰਾਖਵੀਂ ਕੀਮਤ ਦਾ 10% ਹੈ	ਈ-ਨਿਲਾਮੀ ਮਿਤੀ ਅਤੇ ਸਮਾਂ	ਬੋਲੀ ਜਮ੍ਹਾਂ ਕਰਨ ਦੀ ਆਖਰੀ ਮਿਤੀ	ਈਐਮਡੀ ਭੇਜਣ ਲਈ ਖਾਤੇ ਦੇ ਵੇਰਵੇ
1	2280210 0500000 01 ਅਤੇ 22 8021007 0000001	(1) ਸੁਖਜਿੰਦਰ ਸਿੰਘ ਪੁੱਤਰ ਗੁਰਮੁੱਖ ਸਿੰਘ ਮਕਾਨ ਨੰਬਰ 19, ਗਲੀ ਨੰਬਰ 17, ਗੁਰਨਾਮ ਨਗਰ, ਮੰਦਰ ਵਾਲਾ ਬਜ਼ਾਰ, ਅੰਮ੍ਰਿਤਸਰ-1, ਪੰਜਾਬ-143001 ਇੱਥੇ ਵੀ:-ਮਕਾਨ ਨੰਬਰ 15, ਗਲੀ ਨੰਬਰ 3, ਨਿਊ ਸ਼ਹੀਦ ਊਧਮ ਸਿੰਘ ਨਗਰ, ਸੁਲਤਾਨਵਿੰਡ ਰੋਡ, ਅੰਮ੍ਰਿਤਸਰ-1, ਪੰਜਾਬ -143001, (2) ਹਰਜੀਤ ਕੌਰ ਪਤਨੀ ਸੁਖਜਿੰਦਰ ਸਿੰਘ ਮਕਾਨ ਨੰਬਰ 19, ਗਲੀ ਨੰਬਰ 17, ਗੁਰਨਾਮ ਨਗਰ, ਮੰਦਰ ਵਾਲਾ ਬਜ਼ਾਰ, ਅੰਮ੍ਰਿਤਸਰ-1, ਪੰਜਾਬ-143001	31.01.2024 ਰੁਪੈ. 7,16,197/-	23.07.2025	ਰੁਪੈ. 10,16,265.71/- (ਮੁਤਾਬਕ 27.07.2025)	08.12.2025 02.00 ਬਾ. ਦੁਪਿ. ਤੋਂ ਅਨੁਸਾਰ	ਰੁਪੈ. 6,24,000/-	ਰੁਪੈ. 62,400/-	23.12.2025 11.00 ਸਵੇਰ ਤੋਂ 12. ਵਜੇ ਦੁਪਿ.	22.12.2025 04.00 ਵਜੇ ਸ਼ਾਮ ਤੱਕ	ਈਐਮਡੀ ਉਜੀਵਨ ਸਮਾਲ ਫਾਈਨੈਂਸ ਬੈਂਕ ਦੇ ਹੱਕ ਵਿੱਚ ਡਿਮਾਂਡ ਡਰਾਫਟ ਰਾਹੀਂ ਜਮ੍ਹਾਂ ਕੀਤੀ ਜਾਵੇਗੀ ਜੋ ਅੰਮ੍ਰਿਤਸਰ ਸ਼ਾਖਾ ਵਿੱਚ ਭੁਗਤਾਨ ਯੋਗ ਹੋਵੇ ਜਾਂ ਆਰਟੀਜੀਐਸ/ਐਨਈਐਫਟੀ/ਆਈਐਮਪੀਐਸ ਰਾਹੀਂ ਖਾਤਾ ਨੰਬਰ 220110134620 01 ਆਈਐਫਐਸਸੀ ਯੂਜੇਵੀਐਨ0002201 ਵਿੱਚ ਭੇਜਿਆ ਜਾਵੇ। **ਸੰਪਰਕ ਵਿਅਕਤੀ:** 1. ਜੀਨਸ ਗੰਇਲ :- 9023649253; 2. ਅਸ਼ੀਸ਼ ਚੋਧਰੀ :-9875980425

ਰਿਹਾਇਸ਼ੀ ਘਰ ਦਾ ਸਾਰਾ ਹਿੱਸਾ ਅਤੇ ਪਾਰਸਲ ਪਲਾਟ ਨੰਬਰ 19 ਮਿੰਨ, ਮਾਪ ਵਾਲਾ ਖੱਤਰਵਲ 31 ਵਰਗ ਗਜ਼, ਜੋ ਕਿ 2011-2012 ਦੇ ਸਾਲ ਲਈ ਜਮ੍ਹਾਂਬੰਦੀ ਅਨੁਸਾਰ ਖਸਰਾ ਨੰਬਰ 765 ਮਿੰਨ, ਖਾਤਾ ਖਤੌਨੀ ਨੰਬਰ 1404/2955 ਵਿੱਚ ਸ਼ਾਮਲ ਹੈ, ਸੁਲਤਾਨਵਿੰਡ ਅਰਬਨ, ਆਬਾਦੀ ਨਿਊ ਗੁਰਨਾਮ ਨਗਰ (ਗਲੀ ਨੰਬਰ 17), ਤਹਿਸੀਲ ਅਤੇ ਜ਼ਿਲ੍ਹਾ ਅੰਮ੍ਰਿਤਸਰ, ਪੰਜਾਬ ਵਿਖੇ ਸਥਿਤ ਹੈ, ਹੱਦਾਂ ਹੇਠ ਲਿਖੇ ਅਨੁਸਾਰ ਹੈ: ਪੂਰਬ: - ਸਾਜਨ ਸਿੰਘ; ਪੱਛਮ: - ਜਸਪਾਲ ਸਿੰਘ ਦੀ ਮਲਕੀਅਤ; ਉੱਤਰ: - ਕਿਸੇ ਹੋਰ ਦੀ ਮਲਕੀਅਤ; ਦੱਖਣ: - ਗਲੀ।

ਸ਼ਰਤਾਂ ਤੇ ਨਿਯਮਾਂ :
ਈ-ਨਿਲਾਮੀ ਜਿੱਥੇ ਹੈ ਜਿਵੇਂ ਹੈ ਅਤੇ ਜਿੱਥੇ ਹੈ ਜੋ ਵੀ ਹੈ ਅਤੇ ਉੱਥੇ ਜੋ ਵੀ ਹੈ ਦੇ ਆਧਾਰ 'ਤੇ ਕੀਤੀ ਜਾਵੇਗੀ।
1. ਅਧਿਕਾਰਤ ਅਫਸਰ ਦੀ ਜਾਣਕਾਰੀ ਮੁਤਾਬਿਕ ਜਾਇਦਾਦ ਉੱਪਰ ਕਿਸੇ ਕਿਸਮ ਦਾ ਕੋਈ ਭਾਰ ਨਹੀਂ ਹੈ। ਫਿਰ ਵੀ ਚਾਹਵਾਨ ਖਰੀਦਦਾਰ ਨੂੰ ਚਾਹੀਦਾ ਹੈ ਕਿ ਉਹ ਬੋਲੀ ਜਮ੍ਹਾਂ ਕਰਵਾਉਣ ਤੋਂ ਪਹਿਲਾਂ ਆਪਣੇ ਤੌਰ 'ਤੇ ਇਹ ਪਤਾ ਕਰ ਲਵੇ ਕਿ ਜਾਇਦਾਦ ਉੱਪਰ ਕਿਸੇ ਕਿਸਮ ਦਾ ਕਿਸੇ ਵਿਅਕਤੀ ਦਾ ਕੋਈ ਦਾਅਵਾ/ਹੱਕ ਹਕੂਕ ਜਾਂ ਕੋਈ ਬਕਾਇਆ ਤਾਂ ਖੜ੍ਹਾ ਨਹੀਂ। ਈ-ਨਿਲਾਮੀ ਦਾ ਇਹ ਇਸ਼ਤਿਹਾਰ ਬੈਂਕ ਵੱਲੋਂ ਇਸ ਸਬੰਧੀ ਕਿਸੇ